## ਹੱਜ ਦੇ ਧੋਖੇਬਾਜ਼ਾਂ ਤੋਂ ਆਪਣੀ ਅਤੇ ਆਪਣੇ ਪਿਆਰਿਆਂ ਦੀ ਰੱਖਿਆ ਕਿਵੇਂ ਕਰਨੀ ਹੈ

✓ **ਆਪਣੀ ਖੋਜ ਕਰੋ।** ਆਪਣੀ ਟ੍ਰੈਵਲ ਏਜੰਸੀ/ਟੂਰ ਦੇ ਸੰਚਾਲਕ ਦੀਆਂ ਕੁਝ ਮੁੱਢਲੀਆਂ ਜਾਂਚਾਂ ਕਰਨ ਤੋਂ ਬਿਨਾਂ ਬੁਕਿੰਗ ਨਾ ਕਰੋ। ਕਿਸੇ ਦੋਸਤ ਜਾਂ ਪਰਿਵਾਰ ਦੇ ਸਦੱਸ ਵਲੋਂ ਸਿਫਾਰਸ਼ ਸਫਰ ਲਈ ਤਿਆਰੀ ਦੀ ਪ੍ਰਮਾਣਕਤਾ ਦੀ ਗਰੰਟੀ ਨਹੀਂ ਦਿੰਦੀ ਹੈ। ਆਨਲਾਇਨ ਜਾਓ ਅਤੇ ਇਹ ਦੇਖਣ ਲਈ ਟ੍ਰੈਵਲ ਕੰਪਨੀ ਤੇ ਖੋਜ ਕਰੋ ਕਿ ਕੀ ਹੋਰ ਲੋਕਾਂ ਨੇ ਉਨ੍ਹਾਂ ਦੀਆਂ ਸੇਵਾਵਾਂ ਤੇ ਟਿੱਪਣੀਆਂ ਕੀਤੀਆਂ ਹਨ। ਹੇਠਾਂ ਦਿੱਤੇ ਪਤੇ ਤੇ ਇਹ ਜਾਂਚ ਕਰੋ ਕਿ ਕੰਪਨੀ ਨੂੰ ਮਿਨਿਸਟਰੀ ਆਫ਼ ਹੱਜ ਦੁਆਰਾ ਮਾਨਤਾ ਪ੍ਰਾਪਤ ਹੈ: **www.hajinformation.com/hajj_agents.php**

✓ **ਯਕੀਨੀ ਬਣਾਓ ਕਿ ਤੁਹਾਡੀ ਟ੍ਰੈਵਲ ਕੰਪਨੀ ABTA ਵਾਂਗ ਦੀ ਪ੍ਰਮਾਣਤ ਟ੍ਰੇਡ ਐਸੋਸਿਏਸ਼ਨ ਦੀ ਸਦੱਸ ਹੈ।** Aਸਾਰੇ ABTA ਸਦੱਸਾਂ ਨੂੰ, ਫਰਜ਼ੀ ਕੰਪਨੀਆਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਨੂੰ ਘੱਟ ਕਰਦੇ ਹੋਏ, ਆਚਾਰ ਸੰਹਿਤਾ ਦੀ ਪਾਲਣਾ ਕਰਨ ਅਤੇ ਸਖਤ ਦਾਖਲੇ ਦੇ ਮਾਪਦੰਡਾਂ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਤੁਸੀਂ ਹੇਠਾਂ ਦਿੱਤੇ ਪਤੇ ਤੇ ਕੰਪਨੀ ਦੀ ABTA ਸਦੱਸਤਾ ਦੀ ਪੁਸ਼ਟੀ ਕਰ ਸਕਦੇ ਹੋ: **http://abta.com/go-travel/before-you-travel/find-a-member**

✓ **ਜੇ ਤੁਸੀਂ ਹਵਾਈ ਸਫਰ ਅਧਾਰਤ ਪੈਕੇਜ ਦੀ ਬੁਕਿੰਗ ਕਰ ਰਹੇ ਹੋ ਤਾਂ ਯਕੀਨੀ ਬਣਾਓ ਕਿ ਤੁਹਾਡੀ ਟ੍ਰੈਵਲ ਕੰਪਨੀ ATOL (ਸਿਵਿਲ ਐਵਿਏਸ਼ਨ ਅਥਾਰਿਟੀ) ਹੈ ਜੋ (CAA) ਦੁਆਰਾ ਸੁਰੱਖਿਅਤ (ਏਅਰ ਟ੍ਰੈਵਲ ਓਰਗੈਨਾਇਜ਼ਰਸ ਲਾਇਸੈਂਸਿੰਗ) ਹੈ।** ਜੇ ਟ੍ਰੈਵਲ ਕੰਪਨੀ ਤੁਹਾਡੇ ਸਉਦੀ ਅਰਬ ਵਿੱਚ ਹੋਣ ਵੇਲੇ ਬੰਦ ਹੋ ਜਾਂਦੀ ਹੈ ਤਾਂ ਤੁਹਾਡੀ ਵਾਪਸੀ ਦੇ ਹਵਾਈ ਸਫਰ ਦੀ ਟਿਕਟ ਹਾਲੇ ਵੀ ਵਾਜਬ ਹੋਣੀ ਚਾਹੀਦੀ ਹੈ ਪਰ ਤੁਹਾਨੂੰ ਸ਼ਾਇਦ ਆਵਾਸ ਲਈ ਮੁੜ ਤੋਂ ਭੁਗਤਾਨ ਕਰਨ ਲਈ ਕਿਹਾ ਜਾਵੇਗਾ। ਤੁਸੀਂ ਆਪਣੇ ਪੈਸੇ ਨੂੰ ਵਾਪਸ ਲੈਣ ਦੇ ਨਾਲ ਨਾਲ CAA ਵਲੋਂ ਇਸ ਲਾਗਤ ਦਾ ਦਾਅਵਾ ਵੀ ਕਰ ਸਕਦੇ ਹੋ ਜੇ ਤੁਸੀਂ ਹਾਲੇ ਤਕ ਸਫਰ ਨਹੀਂ ਕੀਤਾ ਹੈ। ਤੁਸੀਂ ਹੇਠਾਂ ਦਿੱਤੇ ਪਤੇ ਤੇ ATOL ਦੀ ਜਾਂਚ ਕਰ ਸਕਦੇ ਹੋ: **www.caa.co.uk**

✓ **ਸਭ ਕੁਝ ਲਿੱਖਤ ਵਿੱਚ ਪ੍ਰਾਪਤ ਕਰੋ।** ਹਮੇਸ਼ਾ ਟ੍ਰੈਵਲ ਕੰਪਨੀ ਕੋਲੋਂ ਆਪਣੇ ਇਕਰਾਰਨਾਮੇ ਦੇ ਵੇਰਵਿਆਂ ਅਤੇ ਨਿਯਮ ਅਤੇ ਸ਼ਰਤਾਂ ਨੂੰ ਲਿੱਖਤ ਵਿੱਚ ਸਵੀਕਾਰ ਕਰੋ। ਯਕੀਨੀ ਬਣਾਓ ਕਿ ਤੁਹਾਡੇ ਹਵਾਈ ਸਫਰ ਦੇ ਵੇਰਵੇ, ਆਵਾਸ ਅਤੇ ਹੱਜ ਦਾ ਵਿਜ਼ਾ ਵਾਜਬ ਹਨ। ਲੇਖਾ ਪੜਤਾਲ ਦੇ ਕਾਗਜ਼ਾਂ ਨੂੰ ਤਿਆਰ ਕਰੋ ਅਤੇ ਵਿੱਤੀ ਲੈਣ-ਦੇਣ ਦੇ ਰਿਕਾਰਡ ਨੂੰ ਆਪਣੇ ਕੋਲ ਰੱਖੋ।

✗ **ਟ੍ਰੈਵਲ ਕੰਪਨੀ ਨੂੰ ਨਕਦ ਦੁਆਰਾ ਜਾਂ ਕਿਸੇ ਵਿਅਕਤੀ ਦੇ ਖਾਤੇ ਵਿੱਚ ਸਿੱਧੇ ਬੈਂਕ ਟ੍ਰਾਂਸਫਰ ਦੁਆਰਾ ਭੁਗਤਾਨ ਨਾ ਕਰੋ।** ਜ਼ਿਆਦਾਤਰ ਵਾਜਬ ਕੰਪਨੀਆਂ ਵਿੱਚ ਬੈਂਕ ਵਲੋਂ ਕ੍ਰੈਡਿਟ ਜਾਂ ਡੈਬਿਟ ਕਾਰਡਾਂ ਨੂੰ ਸਵੀਕਾਰ ਕਰਨ ਦੀਆਂ ਸੁਵਿਧਾਵਾਂ ਹੋਣਗੀਆਂ। ਜੇ ਤੁਸੀਂ ਬੈਂਕ ਟ੍ਰਾਂਸਫਰ ਜਾਂ ਨਕਦੀ ਦੁਆਰਾ ਭੁਗਤਾਨ ਕਰਦੇ ਹੋ ਅਤੇ ਕੰਪਨੀ ਫਰਜ਼ੀ ਹੋ ਜਾਂਦੀ ਹੈ ਤਾਂ ਵਾਸਤਵ ਵਿੱਚ ਤੁਹਾਡੇ ਪੈਸੇ ਨੂੰ ਵਾਪਸ ਪਾਉਣਾ ਅਸੰਭਵ ਹੋ ਜਾਵੇਗਾ।

## ਜੇ ਤੁਸੀਂ ਹੱਜ ਦੇ ਧੋਖੇ ਦਾ ਸ਼ਿਕਾਰ ਹੋ ਗਏ ਹੋ

ਕਿਰਪਾ ਕਰਕੇ ਚੁੱਪਚਾਪ ਸੈਹਣ ਨਾ ਕਰੋ ਜਾਂ ਅੱਗੇ ਆਉਣ ਵਿੱਚ ਸ਼ਰਮਿੰਦਗੀ ਮਹਿਸੂਸ ਨਾ ਕਰੋ। ਇਹ ਬਹੁਤ ਜਰੂਰੀ ਹੈ ਕਿ ਤੁਸੀਂ **0300 123 2040 ਤੇ** ਜਾਂ **www.actionfraud.police.uk** ਤੇ **Action Fraud (ਐਕਸਨ ਫ੍ਰੋਡ)** ਨੂੰ ਅਪਰਾਧ ਦੀ ਰਿਪੋਰਟ ਕਰੋ।

ਸਾਰੀਆਂ ਰਿਪੋਰਟਾਂ ਦੀ ਸਿਟੀ ਆਫ ਲੰਡਨ ਪੁਲਿਸ ਦੇ ਨੈਸ਼ਨਲ ਫ੍ਰੋਡ ਇੰਟੈਲਿਜੈਂਸ ਬਿਉਰੋ ਦੁਆਰਾ ਸਮੀਖਿਆ ਕੀਤੀ ਜਾਂਦੀ ਹੈ ਅਤੇ ਇਸ ਦੀ ਸੀਰਿਅਲ ਅਪਰਾਧੀਆਂ ਦੀ ਪਛਾਣ ਕਰਨ ਲਈ ਅਤੇ ਸਥਾਨਕ ਬਲਾਂ ਦੁਆਰਾ ਪੁਲਿਸ ਦੀ ਛਾਣਬੀਣ ਦੇ ਅਧਾਰ ਦਾ ਨਿਰਮਾਣ ਕਰਨ ਲਈ ਵੀ ਵਰਤੋਂ ਕੀਤੀ ਜਾ ਸਕਦੀ ਹੈ। ਸਿਰਫ ਡਰਾਵੇ ਦੇ ਅਸਲੀ ਪੈਮਾਨੇ ਅਤੇ ਪ੍ਰਕਿਰਤੀ ਨੂੰ ਜਾਣਨ ਦੁਆਰਾ ਹੀ ਕਨੂੰਨ ਪ੍ਰਭਾਵਸ਼ਾਲੀ ਢੰਗ ਨਾਲ ਧੋਖੇਬਾਜ਼ਾਂ ਨੂੰ ਨਿਸ਼ਾਨਾਂ ਬਣਾ  ਸਕਦਾ ਹੈ ਜਿਨ੍ਹਾਂ ਦੇ ਕਾਰਨ ਮੁਸਲਿਮ ਸਮਾਜ ਨੂੰ ਸਭ ਤੋਂ ਜ਼ਿਆਦਾ ਹਾਨੀ ਹੋ ਰਹੀ ਹੈ।

ਰਾਸ਼ਿਦ ਮੋਗ੍ਰਾਦੀਆ (Rashid Mogradia), ਬ੍ਰਿਟਿਸ਼ ਹਾੱਜਿਸ ਕੌਂਸਲ ਦੇ ਸੀਈਓ ਨੇ ਕਿਹਾ:

*“ਹਾਲਾਂਕਿ ਹੱਜ ਦੇ ਸਫਰ ਦੇ ਜ਼ਿਆਦਾਤਰ ਸੰਚਾਲਕ ਜਬਰਦਸਤ ਸੇਵਾ ਪ੍ਰਦਾਨ ਕਰਦੇ ਹਨ, ਇੱਥੇ ਅਜਿਹੇ ਲੋਕ ਵੀ ਮੌਜੂਦ ਹਨ ਜੋ ਉਨ੍ਹਾਂ ਦੇ ਜੀਵਨ ਦੀਆਂ ਬੱਚਤਾਂ ਦੇ ਨਾਲ ਆਉਣ ਵਾਲੇ ਬ੍ਰਿਟਿਸ਼ ਮੁਸਲਿਮ ਤੀਰਥ ਯਾਤਰੀਆਂ ਨੂੰ ਧੋਖਾ ਦੇਣ ਦੁਆਰਾ ਉਦਯੋਗ ਦੀ ਪ੍ਰਤਿਸ਼ਠਾ ਨੂੰ ਬਦਨਾਮ ਕਰਨਾ ਚਾਹੁੰਦੇ ਹਨ। ਤੀਰਥ-ਯਾਤਰੀਆਂ ਦਾ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਉਹ ਨਾਮੀ ਅਤੇ ਲਾਇਸੈਂਸਸ਼ੁਦਾ ਸਫਰ ਸੰਚਾਲਕਾਂ ਕੋਲੋਂ ਬੁਕਿੰਗ ਕਰਵਾਉਣ। ਅਸੀਂ ਸਮੁਦਾਏ ਨੂੰ ਹੱਜ ਦੇ ਫਰਜ਼ੀਆਂ ਦਾ ਸਾਮ੍ਹਣਾ ਕਰਨ ਵਿੱਚ ਸਿਟੀ ਆਫ ਲੰਡਨ ਪੁਲਿਸ ਦੇ ਜਰਬਦਸਤ ਕੰਮ ਦੀ ਸਰਾਹਣਾ ਕਰਨ ਲਈ ਅਤੇ Action Fraud ਨੂੰ ਧੋਖੇਬਾਜਾਂ ਦੀ ਰਿਪੋਰਟ ਕਰਨ ਲਈ ਪ੍ਰੇਰਿਤ ਕਰਦੇ ਹਾਂ ਤਾਂ ਕਿ ਉਨ੍ਹਾਂ ਨਾਲ ਨਿਆਂ ਕੀਤਾ ਜਾ ਸਕੇ।“*

ਹੱਜ ਦੇ ਧੋਖੇ ਬਾਰੇ ਵਧੇਰੀ ਜਾਣਕਾਰੀ ਲਈ ਹੇਠਾਂ ਦਿੱਤੇ ਪਤੇ ਤੇ ਜਾਓ:
**www.cityoflondon.police.uk/CityPolice/hajjfraud**
**www.cbhuk.org**

ਹੱਜ ਤੇ ਵਧੇਰੀ ਜਾਣਕਾਰੀ ਲਈ ਹੇਠਾਂ ਦਿੱਤੇ ਪਤੇ ਤੇ ਜਾਓ:
**www.hajinformation.com**

CITY of LONDON POLICE

ActionFraud
Report Fraud & Internet Crime
actionfraud.police.uk

CBH UK
The Council Of British Hajjis

# ਹੱਜ

## ਧੋਖੇਬਾਜਾਂ ਨੂੰ ਆਪਣਾ ਹੱਜ ਬਰਬਾਦ ਨਾ ਕਰਨ ਦਿਓ



# ਹੱਜ ਦਾ ਧੋਖਾ

ਹਰ ਸਾਲ 20 ਲੱਖ ਤੋਂ ਜ਼ਿਆਦਾ ਮੁਸਲਮਾਨ ਮੱਕਾ ਦੀ ਤੀਰਥ-ਯਾਤਰਾ ਕਰਨ ਦੁਆਰਾ ਹੱਜ ਮਨਾਉਂਦੇ ਹਨ ਜਿਸ ਵਿੱਚ ਲੋਕਾਂ ਦਾ ਦੁਨੀਆ ਦਾ ਸਭ ਤੋਂ ਵੱਡਾ ਸਾਲਾਨਾ ਇਕੱਠ ਹੁੰਦਾ ਹੈ। ਮਾਨਵਤਾ ਦੇ ਇਸ ਸਮੂਹ ਦੇ ਅੰਦਰ ਕਈ ਹਜ਼ਾਰ ਯੂਕੇ ਨਾਗਰਿਕਹੁੰਦੇ ਹਨ, ਉਨ੍ਹਾਂ ਵਿੱਚੋਂ ਕਈਆਂ ਨੇ, ਉਨ੍ਹਾਂ ਦੇ ਆਪਣੇਲਈ, ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਕਈ ਸਾਲਾਂ ਤੋਂ ਪੈਸਾ ਜੋੜਿਆ ਹੋਵੇਗਾ ਕਿ ਇਹ ਜੀਵਨ ਵਿੱਚ ਇੱਕ ਵਾਰੀ ਹੋਣ ਵਾਲਾ ਸਫਰ ਹੋਵੇਗਾ।

ਜਿਵੇਂ ਹੱਜ ਨਜ਼ਦੀਕ ਆਉਂਦਾ ਹੈ ਕਈ ਮੁਸਲਮਾਨ ਵੀ ਹੋਣਗੇ ਜਿਨ੍ਹਾਂ ਨੇ ਆਪਣੇ ਅਤੇ ਆਪਣੇ ਪਰਿਵਾਰਾਂ ਲਈ ਸਫ਼ਰ ਦੇ ਪੈਕੇਜ ਲਈ ਪੈਸਾ ਖਰਚ ਕੀਤਾ ਹੋਵੇਗਾ ਉਨ੍ਹਾਂ ਨੂੰ ਸਿਰਫ਼ ਇਹ ਹੀ ਪਤਾ ਚਲੇਗਾ ਕਿ ਬਦਕਿਸਮਤੀ ਦੇ ਨਾਲ ਧੋਖੇਬਾਜਾਂ ਨੇ ਉਨ੍ਹਾਂ ਦੇ ਸੁਪਣਿਆਂ ਨੂੰ ਤਬਾਹ ਕਰ ਦਿੱਤਾ ਹੈ। । ਕੁਝ ਲੋਕ ਉਸ ਆਵਾਸ ਦੀ ਖੋਜ ਕਰਨ ਲਈ ਸਉਦੀ ਅਰਬ ਵਿੱਚ ਪਹੁੰਚਣਗੇ ਜਿਸ ਦੀ ਉਨ੍ਹਾਂ ਨੇ ਬੁਕਿੰਗ ਕੀਤੀ ਪਰ ਉਹ ਨਹੀਂ ਹੁੰਦੀ ਹੈ ਹਾਲਾਂਕਿ ਹੋਰ ਲੋਕ ਇਹ ਦੇਖਦੇ ਹਨ ਕਿ ਉਨ੍ਹਾਂ ਦਾ ਪੂਰਾ ਸਫਰ ਅਸਲ ਵਿੱਚ ਫਰਜ਼ੀ ਸਫਰ ਸੰਚਾਲਕਾਂ ਦੁਆਰਾ ਸਥਾਪਤ ਕੀਤਾ ਇੱਕ ਧੋਖਾ ਹੈ ਜੋ ਕਿ ਉਨ੍ਹਾਂ ਦੇ ਕਈ ਹਜ਼ਾਰ ਪਾਉਂਡ ਦੀ ਰਕਮ ਲੈ ਕੇ ਗਾਯਬ ਹੋ ਗਏ ਹਨ।

ਜੋ ਮੁਸਲਮਾਨ ਮੱਕੇ ਦੇ ਸਫ਼ਰ ਦੀ ਯੋਜਨਾਂ ਬਣਾ ਰਹੇ ਹਨ ਉਨ੍ਹਾਂ ਰਾਹੀਂ ਵੇਖੇ ਜਾ ਰਹੇ ਡਰਾਵੇ ਦੇ ਜਵਾਬ ਵਿੱਚ ਸਿਟੀ ਆਵ ਲੰਦਨ ਪੁਲਿਸ, ਜੋ ਯੂ.ਕੇ. ਦੀ ਧੋਖੇਬਾਜੀ ਦੇ ਖਿਲਾਫ਼ ਪੁਲਿਸਿੰਗ ਦੀ ਇਕ ਅਗਵਾਈ ਹੈ, ਉਹ ਇਕ ਰਾਸ਼ਟਰੀ ਸਤਰ ਤੇ ਹੱਜ ਧੋਖੇਬਾਜੀ ਨੂੰ ਰੋਕਣ ਲਈ ਮੁਹਿੰਮ ਹੈ।



ਸਿਟੀ ਆਫ ਲੰਦਨ ਪੁਲਿਸ ਦੇ ਕਮਾਂਡਰ ਸਟੀਵ ਹੈਡ (Steve Head) ਨੇ ਕਿਹਾ:

“ਹੱਜ ਦਾ ਧੋਖਾ ਇੱਕ ਅਜਿਹਾ ਸਦਮਾ ਪਹੁੰਚਾਉਣ ਵਾਲਾ ਅਪਰਾਧ ਹੈ ਕਿ ਹਰ ਸਾਲ ਉਹ ਮੁਸਲਮਾਨਾਂ ਨੂੰ ਲੁੱਟ ਰਿਹਾ ਹੈ ਜੋ ਕਿ ਮੱਕਾ ਦੀ ਤੀਰਥ ਯਾਤਰਾ ਕਰਨ ਲਈ ਉਨ੍ਹਾਂ ਦਾ ਇੱਕ-ਮੱਤਰ ਅਵਸਰ ਹੋ ਸਕਦਾ ਹੈ। ਸਿਟੀ ਆਫ ਲੰਡਨ ਪੁਲਿਸ ਲੋਕਾਂ ਨੂੰ ਸ਼ਿਕਾਰ ਹੋਣ ਤੋਂ ਬਚਾਉਣ ਲਈ ਅਤੇ ਜੋ ਸ਼ਿਕਾਰ ਹੁੰਦੇ ਹਨ, ਉਨ੍ਹਾਂ ਦੀ ਮਦਦ ਕਰਨ ਲਈ ਅਤੇ ਧੋਖੇਬਾਜਾਂ ਦਾ ਪਤਾ ਲਗਾਉਣ ਲਈ ਅਤੇ ਉਨ੍ਹਾਂ ਨੂੰ ਨਿਆਂ ਦਵਾਉਣ ਲਈ, ਜੋ ਹੋਰਾਂ ਲੋਕਾਂ ਦੇ ਸੁਪਣਿਆਂ ਨੂੰ ਨਸ਼ਟ ਕਰਨ ਦੁਆਰਾ ਵੱਡਾ ਅਪਰਾਧ ਕਰਦੇ ਹਨ, ਹੱਜ ਦੇ ਧੋਖੇ ਦੇ ਅਸਲੀ ਪੈਮਾਨੇ ਅਤੇ ਪ੍ਰਕਿਰਤੀ ਨੂੰ ਸਮਝਣ ਲਈ ਮੁਸਲਮਾਨ ਸਮੁਦਾਏ ਅਤੇ ਯੂਕੇ ਪੁਲਿਸ ਦੇ ਨਾਲ ਕੰਮ ਕਰਨ ਲਈ ਵਚਨਬੱਧ ਹੈ।”

## ਹੱਜ ਦਾ ਧੋਖਾ ਕਿਵੇਂ ਹੁੰਦਾ ਹੈ



ਮੱਕਾ ਦੇ ਸਫਰ ਲਈ, ਉਨ੍ਹਾਂ ਦੇ ਸਥਾਨਕ ਸਮੁਦਾਏ ਵਿੱਚ ਅਤੇ ਜ਼ਿਆਦਾਤਰ ਆਨਲਾਇਨ, ਸਭ ਤੋਂ ਵਧੀਆ ਸੌਦੇ ਦੀ ਖਰੀਦ ਕਰਨ ਵਾਲੇ ਮੁਸਲਮਾਨ, ਉਨ੍ਹਾਂ ਪੈਕੇਜਾਂ - ਹਵਾਈ ਸਫਰ, ਆਵਾਸ, ਵਿਜ਼ਾ - ਤੋਂ ਆਕਰਸ਼ਿਤ ਹੋ ਜਾਂਦੇ ਹਨ ਜਿਸ ਵਿੱਚ ਉਨ੍ਹਾਂ ਨੂੰ ਪੈਸਾ ਵਸੂਲ ਸੌਦਾ ਹੋ ਰਿਹਾ ਜਾਪਦਾ ਹੈ। ਕੁਝ ਸੰਚਾਲਕ ਕਾਫ਼ੀ ਜ਼ਿਆਦਾ ਛੂਟ ਦਾ ਵਿਗਿਆਪਣ ਦਿੰਦੇ ਹਨ। ਵਿਅਕਤੀਆਂ ਨੂੰ ਉਨ੍ਹਾਂ ਦੇ ਸਫਰ ਤੋਂ ਪਹਿਲਾਂ ਨਕਦੀ ਵਿੱਚ ਜਾਂ ਸਿੱਧੇ ਬੈਂਕ ਟ੍ਰਾਂਸਫਰ ਦੁਆਰਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਉਹ ਸਫਰ ਕਰਨ ਦੀ ਮਿਤੀ ਦੇ ਨੇੜੇ ਉਨ੍ਹਾਂ ਦੀਆਂ ਟਿਕਟਾਂ ਅਤੇ ਸਫਰ ਸਬੰਧੀ ਦਸਤਾਵੇਜ਼ ਪ੍ਰਾਪਤ ਕਰਨਗੇ। ਕੁਝ ਮਾਮਲਿਆਂ ਵਿੱਚ ਉਹ ਕਦੇ ਨਹੀਂ ਆਉਂਦੇ ਹਨ।

ਬਰਮਿੰਘਮ ਤੋਂ, ਮੋਹੰਮਦ (Mohammed), 36, ਨੇ ਹੱਜ ਦੇ ਧੋਖੇ ਵਿੱਚ £4,500 ਗਵਾਏ। ਉਸ ਨੂੰ ਕਾਫ਼ੀ ਜ਼ਿਆਦਾ ਦੁਖ ਪਹੁੰਚਿਆ ਪਰ, ਮਹੱਤਵਪੂਰਨ ਗੱਲ ਇਹ ਹੈ ਕਿ, ਉਸ ਨੇ Action Fraud ਨੂੰ ਅਪਰਾਧ ਦੀ ਰਿਪੋਰਟ ਕੀਤੀ:

*“ਮੈਂ ਸ਼ੁਰੂਆਤ ਵਿੱਚ ਇਹ ਯਕੀਨੀ ਬਣਾਉਣ ਲਈ ਬਹੁਤ ਸਾਵਧਾਨ ਸੀ ਕਿ ਮੈਂ ਸਿਰਫ ਮਾਨਤਾ-ਪ੍ਰਾਪਤ ਟ੍ਰੈਵਲ ਕੰਪਨੀਆਂ ਵਲੋਂ ਹੀ ਪੈਕੇਜਾਂ ਤੇ ਵਿਚਾਰ ਕਰ ਰਿਹਾ ਸੀ। ਬਦਕਿਸਮਤੀ ਦੇ ਨਾਲ ਫੇਰ ਮੈਂ ਵੈੱਬਸਾਇਟਾਂ ਤੇ ਭਾਲ ਕੀਤੀ ਜੋ ਬਹੁਤ ਆਕਰਸ਼ਕ ਸੌਦਿਆਂ ਦੀ ਪੇਸ਼ਕਸ਼ ਕਰ ਰਹੀਆਂ ਸਨ, ਅਤੇ ਮੈਂ ਮੱਕਾ ਦੇ ਮਹਾਨ ਤੀਰਥ ਸਥਾਨ ਤੇ ਜਾਣ ਲਈ ਉਨ੍ਹਾਂ ਤੇ ਆਪਣਾ ਵਿਸ਼ਵਾਸ ਬਣਾਉਣ ਲਈ ਰਾਜ਼ੀ ਹੋ ਗਿਆ ਸੀ। ਜਿਵੇਂ ਕਿ ਹੱਜ ਦੀ ਮਿਤੀ ਨੇੜੇ ਆਈ ਕੋਈ ਟਿਕਟ ਨਹੀਂ ਪਹੁੰਚੀ ਅਤੇ ਮੇਰੇ ਏਜੰਟ ਨੇ ਮੇਰੀਆਂ ਕਾਲਾਂ ਨੂੰ ਚੁੱਕਣਾ ਬੰਦ ਕਰ ਦਿੱਤਾ, ਉਦੋਂ ਤਕ ਮੈਂ ਆਖਿਰਕਾਰ ਅਜਿਹੀ ਸਥਿਤੀ ਵਿੱਚ ਪਹੁੰਚ ਗਿਆ ਜਿੱਥੇ ਮੈਨੂੰ ਅਹਿਸਾਸ ਹੋਇਆ ਕਿ ਮੈਂ ਇੱਕ ਭਿਆਨਕ ਅਪਰਾਧ ਦਾ ਸ਼ਿਕਾਰ ਹੋ ਗਿਆ ਹਾਂ।”*



ਹਰ ਸਾਲ **25,000** ਤਕ ਬ੍ਰਿਟਿਸ਼ ਮੁਸਲਮਾਨ ਹੱਜ ਲਈ ਸਫਰ ਕਰਦੇ ਹਨ

ਬ੍ਰਿਟਿਸ਼ ਮੁਸਲਮਾਨ ਸਾਲਾਨਾ ਤੌਰ ਤੇ ਤੀਰਥ ਯਾਤਰਾਵਾਂ ਤੇ **£125 ਮਿਲਿਅਨ** ਤਕ ਖਰਚ ਕਰਦੇ ਹਨ

ਪੁਲਿਸ ਕੋਲ ਉਨ੍ਹਾਂ ਸ਼ਿਕਾਰ ਹੋਏ ਲੋਕਾਂ ਦੀਆਂ ਰਿਪੋਰਟਾਂ ਹਨ ਜਿਨ੍ਹਾਂ ਨੇ **£1,000-£33,000** ਗਵਾਏ ਹਨ

ਹੱਜ ਦੇ ਸ਼ਿਕਾਰ ਹੋਣ ਦੀ ਔਸਤ ਉਮਰ **42** ਸਾਲ ਹੈ

ਬ੍ਰਿਟਿਸ਼ ਹਾੱਜਿਸ ਕੌਂਸਲ ਇਹ ਅਨੁਮਾਨ ਲਗਾਉਂਦੀ ਹੈ ਕਿ Action Fraud ਨੂੰ ਰਿਪੋਰਟ ਕਰਨ ਵਾਲੇ ਸ਼ਿਕਾਰਾਂ ਦੀ ਸੰਖਿਆ ਸਿਰਫ **3%** ਹੀ ਹੈ।